# ਐਮਰਜੈਂਸੀ ਮੈਡੀਕਲ ਬੀਮਾ

## ਵਿਸ਼ੇਸ਼ਤਾਵਾਂ ਅਤੇ ਲਾਭ

ਇਹ ਬੀਮਾ ਪੱਕੇ ਨਿਵਾਸ ਵਾਲੇ ਦੇਸ਼ ਵਿੱਚ ਬੀਮਾ ਕਰਵਾਉਣ ਵਾਲੇ ਵਿਅਕਤੀ ਦੁਆਰਾ ਉਸ ਦੇਸ਼ ਤੋਂ ਬਾਹਰ ਯਾਤਰਾ ਕਰਨ ਦੌਰਾਨ ਕੀਤੇ ਡਾਕਟਰੀ ਖਰਚਿਆਂ ਲਈ ਕਵਰੇਜ ਪ੍ਰਦਾਨ ਕਰਦਾ ਹੈ। ਕਨੇਡਾ, ਵਿਦੇਸ਼ੀ ਕਾਮਿਆਂ, ਕਨੇਡਾ ਵਿੱਚ ਪੜ੍ਹਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ, ਪ੍ਰਵਾਸੀਆਂ ਅਤੇ ਵਾਪਸ ਜਾਣ ਵਾਲੇ ਅਜਿਹੇ ਕਨੇਡੀਆਈ ਲੋਕਾਂ ਲਈ ਉਪਲਬਧ ਹੈ ਜੋ ਪ੍ਰਾਂਤਕ ਸਿਹਤ ਦੇਖਭਾਲ ਕਵਰੇਜ ਲਈ ਪਾਤਰ ਨਹੀਂ ਹਨ।

| ਮੁੱਖ ਵਿਸ਼ੇਸ਼ਤਾਵਾਂ | |
|---|---|
| ਬੀਮਾ ਰਾਸ਼ੀ | **ਵਿਕਲਪ**<br>• $10,000 CAD<br>• $25,000 CAD<br>• $50,000 CAD<br>• $100,000 CAD<br>• $200,000 CAD<br>• $300,000 CAD |
| ਉਮਰ ਸੀਮਾ | ਕੋਈ ਨਹੀਂ |
| ਕਟੌਤੀ-ਯੋਗ ਰਾਸ਼ੀ | **ਵਿਕਲਪ**<br>• $0 CAD - ਆਟੋਮੈਟਿਕ<br>• $150 CAD<br>• $500 CAD<br>• $1,000 CAD<br>• $2,500 CAD<br>• $5,000 CAD<br>• $10,000 CAD |
| ਉਡੀਕ ਅਵਧੀ | • ਜੇ ਪੌਲਿਸੀ ਕਨੇਡਾ ਵਿੱਚ ਆਉਣ ਤੋਂ ਪਹਿਲਾਂ ਖਰੀਦੀ ਗਈ ਹੈ ਤਾਂ ਰੋਗ ਜਾਂ ਬਿਮਾਰੀ ਤੇ ਕੋਈ ਉਡੀਕ ਅਵਧੀ ਨਹੀਂ ਹੈ<br>• ਜੇ ਪੌਲਿਸੀ ਕਨੇਡਾ ਵਿੱਚ ਆਉਣ ਦੇ 60 ਦਿਨਾਂ ਦੇ ਅੰਦਰ ਖਰੀਦੀ ਗਈ ਹੈ ਤਾਂ ਰੋਗ ਜਾਂ ਬਿਮਾਰੀ ਤੇ 48-ਘੰਟੇ ਦੀ ਉਡੀਕ ਅਵਧੀ ਹੈ<br>• ਜੇ ਪੌਲਿਸੀ ਕਨੇਡਾ ਵਿੱਚ ਆਉਣ ਦੇ 61 ਜਾਂ ਵੱਧ ਦਿਨਾਂ ਬਾਅਦ ਖਰੀਦੀ ਗਈ ਹੈ, ਤਾਂ ਬਿਮਾਰੀ ਤੇ 7-ਦਿਨਾਂ ਦੀ ਉਡੀਕ ਅਵਧੀ ਹੈ। |
| ਵਿਸ਼ਵ-ਵਿਆਪੀ ਯਾਤਰਾ | **ਵਿਸ਼ਵ-ਵਿਆਪੀ ਯਾਤਰਾ**<br>ਵਿਸ਼ਵ-ਵਿਆਪੀ ਯਾਤਰਾ ਉਦੋਂ ਤੱਕ ਕਵਰ ਕੀਤੀ ਜਾਂਦੀ ਹੈ ਜਦੋਂ ਤੱਕ ਕਵਰੇਜ ਦੀ ਜ਼ਿਆਦਾਤਰ ਅਵਧੀ ਕਨੇਡਾ ਵਿੱਚ ਬਿਤਾਈ ਜਾਂਦੀ ਹੈ। ਇਸ ਤੋਂ ਪਹਿਲਾਂ ਕਿ ਬੀਮਿਤ ਵਿਅਕਤੀ ਨੂੰ ਕਨੇਡਾ ਤੋਂ ਬਾਹਰ ਦੇ ਸਾਈਡ-ਟ੍ਰਿਪਾਂ ਲਈ ਕਵਰ ਕੀਤਾ ਜਾ ਸਕੇ, ਉਸਦੇ ਲਈ ਸਭ ਤੋਂ ਪਹਿਲਾਂ ਕਨੇਡਾ ਦੀ ਯਾਤਰਾ ਕੀਤੀ ਹੋਣੀ ਲਾਜ਼ਮੀ ਹੈ।<br>**ਘਰੇਲੂ ਦੇਸ਼ ਵਿੱਚ ਯਾਤਰਾ**<br>ਘਰੇਲੂ ਦੇਸ਼ ਦੀ ਯਾਤਰਾ ਦੀ ਇਜਾਜ਼ਤ ਹੈ; ਪੌਲਿਸੀ ਖਤਮ ਨਹੀਂ ਹੋਏਗੀ ਪਰ ਖਰਚੇ ਕਵਰ ਨਹੀਂ ਕੀਤੇ ਜਾਣਗੇ |

| ਮੁੱਖ ਲਾਭ | ਅਧਿਕਤਮ ਸੀਮਾ |
|---|---|
| ਐਮਰਜੈਂਸੀ ਡਾਕਟਰੀ ਇਲਾਜ | ਇਸਦੇ ਲਈ ਬੀਮਿਤ ਰਾਸ਼ੀ ਤੱਕ:<br>• ਇਨ-ਪੇਸ਼ੰਟ ਜਾਂ ਆਉਟ-ਪੇਸ਼ੰਟ ਲਈ ਐਮਰਜੈਂਸੀ ਡਾਕਟਰੀ ਇਲਾਜ<br>• ਚਿਕਿਤਸਕ ਦੀਆਂ ਸੇਵਾਵਾਂ<br>• ਪ੍ਰਾਈਵੇਟ ਡਿਊਟੀ ਨਰਸਿੰਗ<br>• ਐਕਸ-ਰੇ ਅਤੇ ਪ੍ਰਯੋਗਸ਼ਾਲਾ ਸੇਵਾਵਾਂ<br>• ਜ਼ਰੂਰੀ ਡਾਕਟਰੀ ਉਪਕਰਨਾਂ ਨੂੰ ਕਿਰਾਏ ਤੇ ਲੈਣਾ ਜਾਂ ਖਰੀਦਣਾ |
| ਐਂਬੂਲੈਂਸ (ਮਰੀਜ਼ ਵਾਹਨ) | ਇਸਦੇ ਬਦਲੇ ਜਮੀਨੀ, ਹਵਾਈ ਜਾਂ ਸਮੁੰਦਰੀ ਐਂਬੂਲੈਂਸ (ਪੈਰਾਮੇਡਿਕਸ ਸਮੇਤ) ਜਾਂ ਟੈਕਸੀ ਲਈ ਬੀਮਿਤ ਰਾਸ਼ੀ ਤੱਕ |
| ਫੌਲੋ-ਅੱਪ ਮੁਲਾਕਾਤਾਂ | ਸ਼ੁਰੂਆਤੀ ਐਮਰਜੈਂਸੀ ਡਾਕਟਰੀ ਇਲਾਜ ਦੇ 14 ਦਿਨਾਂ ਦੇ ਅੰਦਰ 5 ਫੌਲੋ-ਅੱਪ ਮੁਲਾਕਾਤਾਂ ਤੱਕ |
| ਨੁਸਖੇ ਵਾਲੀਆਂ ਦਵਾਈਆਂ | ਟ੍ਰਿਪ ਦੇ ਦੌਰਾਨ ਐਮਰਜੈਂਸੀ ਤੋਂ ਬਾਅਦ 30-ਦਿਨਾਂ ਤੱਕ ਦੀ ਪੂਰਤੀ |

| ਮੁੱਖ ਲਾਭ ਜਾਰੀ | ਅਧਿਕਤਮ ਸੀਮਾ |
|---|---|
| ਪੇਸ਼ੇਵਰ ਡਾਕਟਰੀ ਸੇਵਾਵਾਂ | ਹੇਠਲੇ ਲਾਇਸੰਸਸ਼ੁਦਾ ਵਿਅਕਤੀਆਂ ਲਈ ਪ੍ਰਤੀ ਪ੍ਰੈਕਟਿਸ਼ਨਰ, ਕਿਸੇ ਇੱਕ ਘਟਨਾ ਲਈ $600 ਤੱਕ:<br>• ਫਿਜ਼ੀਓਥੈਰੇਪਿਸਟ<br>• ਕਾਇਰੋਪ੍ਰੈਕਟਰਸ<br>• ਕਾਇਰੋਪੋਡਿਸਟਸ<br>• ਓਸਟੋਪੈਥਸ<br>• ਪੋਡੀਆਟ੍ਰਿਸਟਸ<br>• ਓਪਟੋਮੈਟ੍ਰਿਸਟਸ<br>• ਐਕਯੂਪੰਕਚਰਿਸਟ |
| ਫ੍ਰੈਕਚਰ ਦਾ ਇਲਾਜ | ਫ੍ਰੈਕਚਰਾਂ ਨਾਲ ਸਬੰਧਿਤ ਡਾਕਟਰੀ ਇਲਾਜ ਲਈ $1,000 ਤੱਕ। ਇਸ ਲਾਭ ਵਿੱਚ ਇਹ ਸ਼ਾਮਲ ਹਨ:<br>• ਐਕਸ-ਰੇ<br>• ਦੁਬਾਰਾ ਮੁਆਇਨਾ ਕਰਨ ਵਾਲੇ ਚਿਕਿਤਸਕ ਦੀਆਂ ਮੁਲਾਕਾਤਾਂ<br>• ਕਾਸਟਿੰਗ ਅਤੇ ਮੁੜ-ਕਾਸਟਿੰਗ<br>• ਕਾਸਟ ਰਿਮੂਵਲ |
| ਦੰਤ-ਚਿਕਿਤਸਾ | • ਟ੍ਰਿਪ ਦੇ ਦੌਰਾਨ ਦੰਦਾਂ-ਸਬੰਧੀ ਦੁਰਘਟਨਾਵਾਂ ਲਈ $6,000 ਤੱਕ<br>• ਦੰਦਾਂ-ਸਬੰਧੀ ਕਿਸੇ ਵੀ ਹੋਰ ਐਮਰਜੈਂਸੀਆਂ ਲਈ $600 ਤੱਕ |
| ਜਣੇਪਾ | ਪ੍ਰਸਵ-ਪੂਰਵ ਦੇਖਭਾਲ, ਡਿਲੀਵਰੀ ਅਤੇ/ਜਾਂ ਉਸਦੀਆਂ ਪੇਚੀਦਗੀਆਂ ਲਈ $6,000 ਤੱਕ |
| ਹਸਪਤਾਲ ਦਾ ਭੱਤਾ | ਹਸਪਤਾਲ ਦੇ ਹਾਦਸਾਗ੍ਰਸਤ ਖਰਚਿਆਂ ਲਈ ਪ੍ਰਤੀ ਦਿਨ $100 ਤੱਕ |
| ਐਮਰਜੈਂਸੀ ਹਵਾਈ ਆਵਾਜਾਈ | ਮੈਡੀਕਲ ਹਵਾਈ ਨਿਕਾਸੀ ਲਈ ਬੀਮਿਤ ਰਾਸ਼ੀ ਤੱਕ। ਜੇ ਡਾਕਟਰੀ ਤੌਰ ਤੇ ਲੋੜੀਂਦਾ ਹੈ, ਤਾਂ ਇਸ ਲਾਭ ਵਿੱਚ ਇਹ ਵੀ ਸ਼ਾਮਲ ਹਨ:<br>• ਯੋਗਤਾ-ਪ੍ਰਾਪਤ ਮੈਡੀਕਲ ਅਟੇਂਡੈਂਟ ਦੀ ਲਾਗਤ<br>• ਏਅਰਲਾਈਨ ਸੀਟ ਅਪਗ੍ਰੇਡ |
| ਇਲਾਜ ਲਈ ਘਰ ਪਰਤਣ ਲਈ ਹਵਾਈ ਕਿਰਾਇਆ | ਤੁਰੰਤ ਡਾਕਟਰੀ ਇਲਾਜ ਲਈ ਸਥਾਈ ਨਿਵਾਸ ਵਾਲੇ ਦੇਸ਼ ਪਰਤਣ ਲਈ ਇੱਕ-ਤਰਫਾ ਇਕੌਨੋਮੀ ਹਵਾਈ ਕਿਰਾਏ ਤੱਕ*<br>* ਘਰ ਪਰਤਣ ਦੇ ਬਾਅਦ 10 ਦਿਨਾਂ ਦੇ ਅੰਦਰ ਇਲਾਜ ਕਰਵਾਉਣਾ ਲਾਜ਼ਮੀ ਹੈ |
| ਯਾਤਰਾ ਕਰਨ ਵਾਲੇ ਸਾਥੀ ਦੀ ਵਾਪਸੀ | ਜਦੋਂ ਕੋਈ ਬੀਮਿਤ ਯਾਤਰੀ ਕਿਸੇ ਮੈਡੀਕਲ ਐਮਰਜੈਂਸੀ ਦੇ ਕਾਰਨ ਆਪਣੇ ਸਥਾਈ ਨਿਵਾਸ ਵਾਲੇ ਦੇਸ਼ ਪਰਤਦਾ ਹੈ, ਤਾਂ ਇਸ ਲਾਭ ਵਿੱਚ ਇਹ ਸ਼ਾਮਲ ਹਨ:<br>ਉਨ੍ਹਾਂ ਦੇ ਯਾਤਰਾ ਸਾਥੀ ਦੇ ਵੀ ਘਰ ਪਰਤਣ ਲਈ ਇੱਕ-ਤਰਫਾ ਇਕੌਨੋਮੀ ਹਵਾਈ ਕਿਰਾਇਆ*<br>* ਯਾਤਰਾ ਸਾਥੀ ਨੂੰ ਬੀਮਿਤ ਹੋਣ ਦੀ ਲੋੜ ਨਹੀਂ ਹੈ |
| ਨਿਰਭਰ ਬੱਚਿਆਂ ਦੀ ਵਾਪਸੀ | ਜਦੋਂ ਕੋਈ ਬੀਮਿਤ ਯਾਤਰੀ ਕਿਸੇ ਮੈਡੀਕਲ ਐਮਰਜੈਂਸੀ ਦੇ ਕਾਰਨ ਆਪਣੇ ਸਥਾਈ ਨਿਵਾਸ ਵਾਲੇ ਦੇਸ਼ ਪਰਤਦਾ ਹੈ, ਤਾਂ ਇਸ ਲਾਭ ਵਿੱਚ ਇਹ ਸ਼ਾਮਲ ਹਨ:<br>• ਨਿਰਭਰ ਬੱਚਿਆਂ* ਦੀ ਘਰ ਵਾਪਸੀ ਲਈ ਇੱਕ-ਤਰਫਾ ਇਕੌਨੋਮੀ ਹਵਾਈ ਕਿਰਾਇਆ<br>• ਯੋਗਤਾ-ਪ੍ਰਾਪਤ ਮਹਿਲਾ-ਸਹਾਇਕ ਦੀ ਲਾਗਤ<br>* ਬੱਚਿਆਂ ਨੂੰ ਬੀਮਿਤ ਹੋਣ ਦੀ ਲੋੜ ਨਹੀਂ ਹੈ। ਇਹ 21 ਸਾਲ ਦੀ ਉਮਰ ਦੇ ਬੱਚਿਆਂ ਤੇ ਲਾਗੂ ਹੁੰਦਾ ਹੈ, ਜੇ ਉਹ ਆਪਣੇ ਮਾਤਾ-ਪਿਤਾ/ਸਰਪ੍ਰਸਤਾਂ ਨਾਲ ਰਹਿ ਰਹੇ ਹਨ, ਜਾਂ 25 ਸਾਲ ਦੀ ਉਮਰ ਦੇ ਬੱਚਿਆਂ ਤੇ ਲਾਗੂ ਹੁੰਦਾ ਹੈ, ਜੇ ਉਹ ਪੂਰੇ-ਸਮੇਂ ਦੇ ਵਿਦਿਆਰਥੀ ਹਨ। ਬੋਧਾਤਮਕ, ਵਿਕਾਸ-ਸਬੰਧੀ ਜਾਂ ਸਰੀਰਕ ਅਪੰਗਤਾਵਾਂ ਵਾਲੇ ਬੱਚਿਆਂ ਲਈ ਕੋਈ ਉਮਰ ਸੀਮਾ ਲਾਗੂ ਨਹੀਂ ਹੁੰਦੀ |
| ਦੇਸ਼-ਵਾਪਸੀ | • ਸ਼ਵ ਦੀ ਤਿਆਰੀ ਅਤੇ ਵਾਪਸੀ ਲਈ ਬੀਮਿਤ ਰਾਸ਼ੀ ਤੱਕ<br>• ਮੌਤ ਵਾਲੇ ਸਥਾਨ ਉੱਤੇ ਦਫਨਾਉਣ ਜਾਂ ਸੰਸਕਾਰ ਲਈ $6,000 ਤੱਕ<br>• ਸ਼ਵ ਦੀ ਪਛਾਣ ਕਰਨ ਲਈ ਪਰਿਵਾਰ ਦੇ ਇੱਕ ਮੈਂਬਰ ਲਈ ਆਵਾਜਾਈ ਲਾਗਤ ਅਤੇ ਬੀਮਾ ਕਵਰੇਜ, ਅਤੇ ਉਨ੍ਹਾਂ ਦੇ ਭੋਜਨ ਅਤੇ ਆਵਾਸ ਲਈ $400 ਪ੍ਰਤੀ ਦਿਨ ਤੋਂ ਲੈਕੇ ਅਧਿਕਤਮ $2,000 ਤੱਕ। |
| ਪਰਿਵਾਰ ਦੀ ਆਵਾਜਾਈ | ਜਦੋਂ ਕੋਈ ਬੀਮਿਤ ਯਾਤਰੀ ਹਸਪਤਾਲ ਵਿੱਚ ਦਾਖਲ ਹੁੰਦਾ ਹੈ, ਤਾਂ ਇਸ ਲਾਭ ਵਿੱਚ ਇਹ ਸ਼ਾਮਲ ਹਨ:<br>• ਉਨ੍ਹਾਂ ਦੇ ਕੋਲ ਕਿਸੇ ਪਰਿਵਾਰਕ ਮੈਂਬਰ ਦੇ ਹੋਣ ਲਈ ਆਉਣ-ਜਾਣ ਦਾ ਇਕੌਨੋਮੀ ਹਵਾਈ ਕਿਰਾਇਆ ਜਾਂ ਜਮੀਨੀ ਆਵਾਜਾਈ ਦੀਆਂ ਲਾਗਤਾਂ<br>• ਜੇਬ ਤੋਂ ਬਾਹਰ ਦੇ ਖਰਚਿਆਂ ਲਈ $400 ਪ੍ਰਤੀ ਦਿਨ ਤੋਂ ਲੈਕੇ ਅਧਿਕਤਮ $2,000 ਤੱਕ |
| ਜੇਬ ਤੋਂ ਬਾਹਰ ਦੇ ਖਰਚੇ | ਜਦੋਂ ਯਾਤਰਾ ਸਾਥੀ ਉਸ ਮਿਤੀ ਨੂੰ ਹਸਪਤਾਲ ਵਿੱਚ ਭਰਤੀ ਹੁੰਦਾ ਹੈ ਜਦੋਂ ਬੀਮਿਤ ਯਾਤਰੀ ਦਾ ਘਰ ਪਰਤਣਾ ਨਿਰਧਾਰਿਤ ਹੁੰਦਾ ਹੈ ਜਾਂ ਜਦੋਂ ਉਨ੍ਹਾਂ ਨੂੰ ਐਮਰਜੈਂਸੀ ਮੈਡੀਕਲ ਇਲਾਜ ਲਈ ਕਿਸੇ ਹੋਰ ਦੇਸ਼ ਦੇ ਇੱਕ ਵੱਖਰੇ ਹਸਪਤਾਲ ਵਿੱਚ ਟ੍ਰਾਂਸਫਰ ਕੀਤਾ ਜਾਂਦਾ ਹੈ, ਤਾਂ ਇਸ ਲਾਭ ਵਿੱਚ ਇਹ ਸ਼ਾਮਲ ਹੈ:<br>ਨਿਮਨਲਿਖਤ ਲਈ $500 ਪ੍ਰਤੀ ਦਿਨ ਤੋਂ ਲੈ ਕੇ ਅਧਿਕਤਮ $5,000 ਤੱਕ:<br>• ਵਿਵਸਾਇਕ ਰਿਹਾਇਸ਼<br>• ਭੋਜਨ<br>• ਟੈਲੀਫ਼ੋਨ ਕਾਲਾਂ<br>• ਇੰਟਰਨੈੱਟ ਸ਼ੁਲਕ<br>• ਟੈਕਸੀ ਦਾ ਕਿਰਾਇਆ<br>• ਪਾਰਕਿੰਗ ਦੀਆਂ ਸ਼ੁਲਕ<br>• ਬੱਸ ਦਾ ਕਿਰਾਇਆ<br>• ਕਿਰਾਏ ਤੇ ਕਾਰ ਦੇਣ ਦੀਆਂ ਸੇਵਾਵਾਂ |

| ਮੁੱਖ ਲਾਭ ਜਾਰੀ | ਅਧਿਕਤਮ ਸੀਮਾ |
|---|---|
| ਬਾਲ ਦੇਖਭਾਲ | ਬਾਲ ਦੇਖਭਾਲ ਲਾਗਤਾਂ* ਲਈ $500 ਪ੍ਰਤੀ ਦਿਨ ਤੋਂ ਲੈਕੇ ਅਧਿਕਤਮ $5,000 ਤੱਕ ਜਦੋਂ ਬੀਮਿਤ ਯਾਤਰੀ ਹਸਪਤਾਲ ਤੱਕ ਸੀਮਤ ਹੁੰਦਾ ਹੈ ਜਾਂ ਐਮਰਜੈਂਸੀ ਮੈਡੀਕਲ ਇਲਾਜ ਲਈ ਕਿਸੇ ਹੋਰ ਸ਼ਹਿਰ ਦੇ ਇੱਕ ਵੱਖਰੇ ਹਸਪਤਾਲ ਵਿੱਚ ਟ੍ਰਾਂਸਫਰ ਕੀਤਾ ਜਾਂਦਾ ਹੈ<br>* ਬੱਚਿਆਂ ਦਾ ਬੀਮਿਤ ਹੋਣਾ ਅਤੇ 18 ਸਾਲ ਜਾਂ ਇਸ ਤੋਂ ਹੇਠਾਂ ਹੋਣਾ ਲਾਜ਼ਮੀ ਹੈ |
| ਵਾਹਨ ਦੀ ਵਾਪਸੀ | ਜਦੋਂ ਬੀਮਿਤ ਯਾਤਰੀ ਡ੍ਰਾਈਵ ਕਰਕੇ ਘਰ ਜਾਣ ਲਈ ਡਾਕਟਰੀ ਰੂਪ ਤੋਂ ਫਿੱਟ ਨਹੀਂ ਹੈ, ਤਾਂ ਇਸ ਲਾਭ ਵਿੱਚ ਇਹ ਸ਼ਾਮਲ ਹੈ:<br>ਕਿਸੇ ਵਪਾਰਕ ਏਜੰਸੀ ਲਈ ਵਾਹਨ ਨੂੰ ਵਾਪਸ ਭੇਜਣ ਲਈ $2,500 ਤੱਕ ਜਾਂ ਪਰਿਵਾਰ ਦੇ ਮੈਂਬਰ ਜਾਂ ਦੋਸਤ ਦੁਆਰਾ ਵਾਹਨ ਨੂੰ ਲੈਣ ਆਉਣ ਅਤੇ ਵਾਪਸ ਕਰਨ ਲਈ ਗੈਸ, ਭੋਜਨ ਅਤੇ ਆਵਾਸ ਸਮੇਤ ਇੱਕ-ਪਾਸੜ ਇਕੌਨੋਮੀ ਹਵਾਈ ਕਿਰਾਏ ਤੱਕ |
| 24-ਘੰਟੇ ਦਾ ਦੁਰਘਟਨਾ ਬੀਮਾ | $25,000 ਤੱਕ |
| **ਪਹਿਲਾਂ ਤੋਂ ਮੌਜੂਦ ਡਾਕਟਰੀ ਸਥਿਤੀਆਂ** | |
| ਪਹਿਲਾਂ-ਤੋਂ ਮੌਜੂਦ ਡਾਕਟਰੀ ਸਥਿਤੀ ਲਈ ਕਵਰੇਜ | **59 ਸਾਲ ਅਤੇ ਇਸਤੋਂ ਘੱਟ**<br>• ਪੌਲਿਸੀ ਦੀ ਪ੍ਰਭਾਵੀ ਮਿਤੀ ਤੋਂ ਪਹਿਲਾਂ 90-ਦਿਨਾਂ ਦੀ ਸਥਿਰਤਾ ਅਵਧੀ<br>**60 ਤੋਂ 69 ਸਾਲ**<br>• ਪੌਲਿਸੀ ਦੀ ਪ੍ਰਭਾਵੀ ਮਿਤੀ ਤੋਂ ਪਹਿਲਾਂ 120-ਦਿਨਾਂ ਦੀ ਸਥਿਰਤਾ ਅਵਧੀ<br>**70 ਤੋਂ 85 ਸਾਲ**<br>• ਪੌਲਿਸੀ ਦੀ ਪ੍ਰਭਾਵੀ ਮਿਤੀ ਤੋਂ ਪਹਿਲਾਂ 180-ਦਿਨਾਂ ਦੀ ਸਥਿਰਤਾ ਅਵਧੀ<br>**86 ਸਾਲ ਅਤੇ ਇਸਤੋਂ ਵੱਧ**<br>• ਪੌਲਿਸੀ ਦੀ ਪ੍ਰਭਾਵੀ ਮਿਤੀ ਤੋਂ ਪਹਿਲਾਂ 365–ਦਿਨਾਂ ਦੀ ਸਥਿਰਤਾ ਅਵਧੀ |
| **ਵਿਕਲਪਿਕ ਕਵਰੇਜਾਂ** | |
| ਅਸਥਿਰ ਪਹਿਲਾਂ-ਤੋਂ-ਮੌਜੂਦ ਡਾਕਟਰੀ ਸਥਿਤੀ ਦੀ ਕਵਰੇਜ | **79 ਸਾਲ ਅਤੇ ਇਸਤੋਂ ਘੱਟ**<br>ਅਸਥਿਰ ਪਹਿਲਾਂ-ਤੋਂ-ਮੌਜੂਦ ਡਾਕਟਰੀ ਸਥਿਤੀਆਂ ਲਈ ਚੁਣੀ ਗਈ ਬੀਮਿਤ ਰਾਸ਼ੀ ਤੱਕ ਕਵਰੇਜ ਪ੍ਰਦਾਨ ਕਰਦਾ ਹੈ।*<br>* ਪਹਿਲਾਂ-ਤੋਂ-ਮੌਜੂਦ ਡਾਕਟਰੀ ਸਥਿਤੀਆਂ ਪੌਲਿਸੀ ਦੀ ਪ੍ਰਭਾਵੀ ਮਿਤੀ ਉੱਤੇ ਜਾਂ ਇਸਤੋਂ ਪਹਿਲਾਂ 7 ਦਿਨਾਂ ਵਿੱਚ ਸਥਿਰ ਰਹੀਆਂ ਹੋਣੀਆਂ ਲਾਜ਼ਮੀ ਹੁੰਦੀਆਂ ਹਨ। |
| ਖੇਡਾਂ ਅਤੇ ਗਤੀਵਿਧੀਆਂ ਲਈ ਕਵਰੇਜ | ਕਵਰੇਜ ਪ੍ਰਦਾਨ ਕਰਦਾ ਹੈ ਜੇ ਹੇਠਲੀਆਂ ਖੇਡਾਂ ਅਤੇ ਗਤੀਵਿਧੀਆਂ ਵਿੱਚ ਭਾਗ, ਸਿਖਲਾਈ ਲੈ ਰਹੇ ਹੋ ਜਾਂ ਅਭਿਆਸ ਕਰ ਰਹੇ ਹੋ, ਬਸ਼ਰਤੇ ਇਸਦੇ ਕਿ ਯਾਤਰੀ ਅਜਿਹੀਆਂ ਖੇਡਾਂ ਅਤੇ ਗਤੀਵਿਧੀਆਂ ਨੂੰ ਚੁਣਦਾ ਹੈ ਜਿਨ੍ਹਾਂ ਲਈ ਕਵਰੇਜ ਦੀ ਲੋੜ ਹੈ ਅਤੇ ਉਨ੍ਹਾਂ ਲਈ ਲਾਗੂ ਪ੍ਰੀਮੀਅਮ ਦਾ ਭੁਗਤਾਨ ਕਰਦਾ ਹੈ:<br>**ਹਰ ਉਮਰ ਦੇ ਵਿਅਕਤੀਆਂ ਲਈ**<br>**ਚੁਣੀ ਗਈ ਬੀਮਿਤ ਰਾਸ਼ੀ ਤੱਕ ਕਵਰ ਕਰਦਾ ਹੈ**<br>• ਬੈਕਕੰਟਰੀ ਸਕੀਇੰਗ/ਸਨੋਬੋਰਡਿੰਗ<br>• ਬੇਸ ਜੰਪਿੰਗ<br>• ਬਾਕਸਿੰਗ<br>• ਆਯੋਜਿਤ ਪ੍ਰਤੀਯੋਗਤਾਵਾਂ ਵਿੱਚ ਡਾਉਨਹਿੱਲ ਫ੍ਰੀਸਟਾਈਲ ਸਕੀਇੰਗ/ਸਨੋਬੋਰਡਿੰਗ<br>• ਡਾਉਨਹਿੱਲ ਮਾਉਨਟੇਨ ਬਾਈਕਿੰਗ<br>• ਹੈਂਗ ਗਲਾਈਡਿੰਗ/ਪੈਰਾਗਲਾਈਡਿੰਗ<br>• ਉੱਚ ਜੋਖਮ ਵਾਲੀ ਸਨੋਮੋਬਿਲਿੰਗ<br>• ਆਈਸ ਕਲਾਇੰਬਿੰਗ<br>• ਰਲੇ-ਮਿਲੇ ਮਾਰਸ਼ਲ ਆਰਟਸ<br>• ਮੋਟਰਾਈਜ਼ਡ ਸਪੀਡ ਮੁਕਾਬਲੇ<br>• ਪਰਬਤਾਰੋਹਨ<br>• ਪੈਰਾਸ਼ੂਟਿੰਗ/ਸਕਾਈਡਾਈਵਿੰਗ/ਟੈਂਡਮ ਸਕਾਈਡਾਈਵਿੰਗ<br>• ਰੌਕ ਕਲਾਇੰਬਿੰਗ<br>• 40 ਮੀਟਰ ਤੱਕ ਸਕੂਬਾ ਡਾਈਵਿੰਗ ਜਾਂ ਫ੍ਰੀ ਡਾਈਵਿੰਗ<br>• ਵ੍ਹਾਈਟ ਵਾਟਰ ਸਪੋਰਟਸ - ਸ਼੍ਰੇਣੀ VI<br>• ਵਿੰਗਸੂਟ ਫਲਾਇੰਗ<br>**21 ਸਾਲ ਅਤੇ ਇਸਤੋਂ ਵੱਧ**<br>**ਚੁਣੀ ਗਈ ਬੀਮਿਤ ਰਾਸ਼ੀ ਤੱਕ ਕਵਰ ਕਰਦਾ ਹੈ**<br>• ਫੁਟਬਾਲ (ਅਮਰੀਕੀ ਅਤੇ ਕਨੇਡੀਆਈ)<br>• ਆਈਸ ਹਾਕੀ<br>• ਰਗਬੀ<br>**ਧਿਆਨ ਦਿਓ**<br>ਜੇ ਕੋਈ ਖੇਡ ਜਾਂ ਗਤੀਵਿਧੀ ਉੱਪਰ ਸੂਚੀਬੱਧ ਨਹੀਂ ਹੈ ਜਾਂ ਪੌਲਿਸੀ ਦੀਆਂ ਸਧਾਰਨ ਅਲਿਹਦਗੀਆਂ ਦੇ ਤਹਿਤ ਬਾਹਰ ਨਹੀਂ ਕੀਤੀ ਗਈ ਹੈ, ਤਾਂ ਉਸ ਖੇਡ ਜਾਂ ਗਤੀਵਿਧੀ ਦੀ ਕਵਰੇਜ, ਇਸ ਵਿਕਲਪਿਕ ਕਵਰੇਜ ਦੀ ਖਰੀਦ ਤੋਂ ਬਗੈਰ ਐਮਰਜੈਂਸੀ ਮੈਡੀਕਲ ਇੰਸ਼ੋਰੈਂਸ ਪਲਾਨ ਦੇ ਤਹਿਤ ਪ੍ਰਦਾਨ ਕੀਤੀ ਜਾਏਗੀ। ਬਾਹਰ ਕੀਤੀਆਂ ਗਈਆਂ ਖੇਡਾਂ ਅਤੇ ਗਤੀਵਿਧੀਆਂ ਬਾਰੇ ਵਧੇਰੇ ਵੇਰਵਿਆਂ ਲਈ, ਪੌਲਿਸੀ ਦੇ ਸ਼ਬਦਾਂ ਨੂੰ ਦੇਖੋ। |

| ਵਿਕਲਪਿਕ ਕਵਰੇਜਾਂ ਜਾਰੀ | |
|---|---|
| ਦੁਰਘਟਨਾਮਈ ਮੌਤ ਅਤੇ ਅੰਗਾਂ ਦੀ ਹਾਨੀ (Accidental Death & Dismemberment, AD&D) | ਬੀਮਿਤ ਵਿਅਕਤੀ ਹੇਠ ਦਿੱਤੇ ਮੁਤਾਬਕ AD&D ਲਈ ਵਾਧੂ ਕਵਰੇਜ ਖਰੀਦ ਸਕਦਾ ਹੈ:<br><br>ਏਅਰ ਫਲਾਈਟ/ਕੌਮਨ ਕੈਰੀਅਰ - $100,000 ਤੱਕ<br>24-ਘੰਟਾ ਦੁਰਘਟਨਾ - $25,000 ਤੱਕ<br>**ਧਿਆਨ ਦਿਓ**<br>ਇਹ ਕਵਰੇਜ 24-ਘੰਟੇ ਦੁਰਘਟਨਾ ਕਵਰੇਜ ਲਈ ਬੇਸ ਪਲਾਨ ਵਿੱਚ ਵਾਧੂ ਲਾਭ ਦੇ ਤਹਿਤ ਉਪਲਬਧ $25,000 ਦੀ ਕਵਰੇਜ ਤੋਂ ਵੱਧ ਹੈ |
| **ਦਰਾਂ ਅਤੇ ਛੂਟਾਂ** | |
| ਪਰਿਵਾਰ ਅਤੇ ਦੋਸਤਾਂ ਲਈ ਪਲਾਨ | ਪਰਿਵਾਰ ਅਤੇ ਦੋਸਤਾਂ ਦੀਆਂ ਦਰਾਂ 59 ਸਾਲ ਜਾਂ ਘੱਟ ਉਮਰ ਦੇ ਦੋ ਯਾਤਰੀਆਂ ਅਤੇ 6 ਬੱਚਿਆਂ ਤੱਕ ਉਪਲਬਧ ਹੈ।*<br>*21 ਸਾਲ ਦੀ ਉਮਰ ਤੱਕ ਦੇ ਬੱਚਿਆਂ ਲਈ ਲਾਗੂ ਹੁੰਦਾ ਹੈ, ਜੇ ਉਹ ਆਪਣੇ ਮਾਤਾ-ਪਿਤਾ/ਸਰਪ੍ਰਸਤ ਨਾਲ ਰਹਿ ਰਹੇ ਹਨ ਜਾਂ 25 ਸਾਲ ਦੀ ਉਮਰ ਦੇ ਬੱਚਿਆਂ ਤੇ ਲਾਗੂ ਹੁੰਦਾ ਹੈ ਜੇ ਉਹ ਪੂਰੇ-ਸਮੇਂ ਦੇ ਵਿਦਿਆਰਥੀ ਹਨ। ਬੋਧਾਤਮਕ, ਵਿਕਾਸ-ਸਬੰਧੀ ਜਾਂ ਸਰੀਰਕ ਅਪੰਗਤਾਵਾਂ ਵਾਲੇ ਬੱਚਿਆਂ ਤੇ ਕੋਈ ਉਮਰ ਸੀਮਾ ਲਾਗੂ ਨਹੀਂ ਹੁੰਦੀ। |



tugo.com

ਹੋ ਸਕਦਾ ਹੈ ਕਿ ਇਸ ਦਸਤਾਵੇਜ਼ ਵਿਚਲੀ ਭਾਸ਼ਾ ਅਸਲ ਨੀਤੀ ਦੇ ਸ਼ਬਦ ਵਰਗੀ ਨਾ ਹੋਏ ਜੋ ਸਾਰੀਆਂ ਉਦਾਹਰਣਾਂ ਵਿੱਚ ਮੌਜੂਦ ਹੋਵੇ ਅਤੇ ਬੇਨਤੀ ਕਰਨ ਤੇ ਉਪਲਬਧ ਹੁੰਦੀ ਹੈ। ਕੁਝ ਅਲਿਹਦਗੀਆਂ, ਸੀਮਾਵਾਂ ਅਤੇ ਸ਼ਰਤਾਂ ਲਾਗੂ ਹੋ ਸਕਦੀਆਂ ਹਨ। ਬੀਮਾ, TuGo®, ਜੋ ਸਾਰੇ ਪ੍ਰਾਂਤਾਂ ਅਤੇ ਅਧਿਕਾਰ-ਖੇਤਰਾਂ ਵਿੱਚ ਇੱਕ ਲਾਇਸੰਸਸ਼ੁਦਾ ਇੰਸ਼ੋਰੈਂਸ ਬ੍ਰੋਕਰ ਹੈ, ਵਜੋਂ ਵਪਾਰ ਕਰਦੇ ਉੱਤਰੀ ਅਮਰੀਕੀ ਹਵਾਈ ਯਾਤਰਾ ਬੀਮਾ ਏਜੰਟ ਲਿਮਟਿਡ ਦੁਆਰਾ ਪ੍ਰਬੰਧਿਤ ਕੀਤਾ ਜਾਂਦਾ ਹੈ। ਇਕਰਾਰਨਾਮੇ ਦਾ ਜਾਰੀ-ਕਰਤਾ, ਵਿਅਕਤੀਗਤ ਤੌਰ ਤੇ, ਪਰ ਸੰਯੁਕਤ ਤੌਰ ਤੇ ਨਹੀਂ, ਉਦਯੋਗਿਕ ਗਠਜੋੜ ਬੀਮਾ ਅਤੇ ਵਿੱਤੀ ਸੇਵਾਵਾਂ ਸ਼ਾਮਲ ਹਨ ਅਤੇ ਲੋਇਡ ਦੇ ਕੁਝ ਬੀਮਾਕਰਤਾ ਹਨ। TuGo® ਇੱਕ ਪੰਜੀਕ੍ਰਿਤ ਟ੍ਰੇਡਮਾਰਕ ਹੈ ਜੋ TuGo® ਵਜੋਂ ਵਪਾਰ ਕਰ ਰਹੇ ਉੱਤਰੀ ਅਮਰੀਕੀ ਏਅਰ ਟਰੈਵਲ ਬੀਮਾ ਏਜੰਟ ਲਿਮਟਿਡ ਦੀ ਮਲਕੀਅਤ ਹੈ।

visitors_01kfb_medical_pj_2020-12